ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਮੋਗਾ

# '181 ਪੁਲਿਸ ਹੈਲਪ-ਲਾਈਨ' ਆਮ ਲੋਕਾਂ ਤੇ ਪੁਲਿਸ ਪ੍ਰਸ਼ਾਸਨ ਦਰਮਿਆਨ ਕਰ ਰਹੀ ਹੈ ਕੜੀ ਦਾ ਕੰਮ-ਮੁਖਵਿੰਦਰ ਸਿੰਘ ਭੁੱਲਰ

- **'181 ਹੈਲਪ-ਲਾਈਨ' ਤੋਂ ਪ੍ਰਾਪਤ ਹੋਈਆਂ 3,581 ਦਰਖਾਸਤਾਂ ਦਾ ਮਿੱਥੇ ਸਮੇ ਅੰਦਰ ਕੀਤਾ ਨਿਪਟਾਰਾ**
- **110 ਦਰਖਾਸਤਾਂ ਦਾ 24 ਘੰਟੇ ਅੰਦਰ ਨਿਪਟਾਰਾ ਕਰਕੇ ਕੀਤੀ ਨਿਵੇਕਲੀ ਪ੍ਰਾਪਤੀ**

ਮੋਗਾ 9 ਫ਼ਰਵਰੀ:

ਪੰਜਾਬ ਦੇ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੀ ਦੂਰ-ਅੰਦੇਸ਼ੀ ਸੋਚ ਸਦਕਾ ਸੂਬੇ ਅੰਦਰ 22 ਅਗਸਤ 2013 ਨੂੰ ਸ਼ੁਰੂ ਕੀਤੀ ਗਈ 'ਪੰਜਾਬ ਪੁਲਿਸ ਹੈਲਪ-ਲਾਈਨ 181' ਆਮ ਲੋਕਾਂ ਤੇ ਪੁਲਿਸ ਪ੍ਰਸ਼ਾਸ਼ਨ ਦਰਮਿਆਨ ਕੜੀ ਦਾ ਕੰਮ ਕਰ ਰਹੀ ਹੈ ਅਤੇ ਇਸ ਹੈਲਪ-ਲਾਈਨ ਤੋਂ ਹਰ ਵਰਗ ਦੇ ਲੋਕਾਂ ਨੂੰ ਵੱਡਾ ਲਾਭ ਮਿਲ ਰਿਹਾ ਹੈ।

ਇਸ ਸਬੰਧੀ ਵਿਸਥਾਰ-ਪੂਰਵਿਕ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪੁਲਿਸ ਮੁਖੀ ਸ. ਮੁਖਵਿੰਦਰ ਸਿੰਘ ਭੁੱਲਰ ਮੋਗਾ ਨੇ ਦੱਸਿਆ ਕਿ ਆਮ ਲੋਕਾਂ ਨੂੰ ਸੁਰੱਖਿਅਤ ਮਾਹੌਲ ਅਤੇ ਪੁਲਿਸ ਪ੍ਰਸ਼ਾਸ਼ਨ ਵੱਲੋਂ ਬਿਹਤਰ ਸੇਵਾਵਾਂ ਮੁਹੱਈਆ ਕਰਵਾਉਣ ਦੇ ਮੰਤਵ ਨਾਲ ਗਈ 'ਪੰਜਾਬ ਪੁਲਿਸ ਹੈਲਪ-ਲਾਈਨ 181' ਜ਼ਿਲ੍ਹੇ ਅੰਦਰ ਬਾਖੂਬੀ ਢੰਗ ਨਾਲ ਕੰਮ ਕਰ ਰਹੀ ਹੈ ਅਤੇ ਮੋਗਾ ਜ਼ਿਲ੍ਹੇ ਦੇ ਲੋਕਾਂ ਵੱਲੋਂ ਇਸ ਹੈਲਪ-ਲਾਈਨ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਮੌਕੇ ਨੋਡਲ ਅਫ਼ਸਰ '181 ਹੈਲਪ-ਲਾਈਨ' ਡੀ.ਐਸ.ਪੀ ਜਸਵਿੰਦਰ ਸਿੰਘ ਘਾਰੂ ਅਤੇ ਏ.ਐਸ.ਆਈ ਗਮਦੂਰ ਸਿੰਘ ਵੀ ਮੌਜੂਦ ਸਨ।

ਸ. ਭੁੱਲਰ ਨੇ ਦੱਸਿਆ ਕਿ ਨਿਰੰਤਰ 24 ਘੰਟੇ ਕੰਮ ਕਰ ਰਹੀ ਪੁਲਿਸ ਹੈਲਪ-ਲਾਈਨ-181 'ਤੇ ਜ਼ਿਲ੍ਹੇ ਅੰਦਰ 1 **ਜਨਵਰੀ 2015 ਤੋਂ 31 ਦਸੰਬਰ 2015 ਤੱਕ** ਕੁੱਲ 3,682 ਦਰਖਾਸਤਾਂ ਪ੍ਰਾਪਤ ਹੋਈਆਂ ਸਨ, ਜਿੰਨ੍ਹਾਂ ਵਿੱਚੋਂ 3,581 ਦਰਖਾਸਤਾਂ ਦਾ ਨਿਪਟਾਰਾ ਨਿਰਧਾਰਿਤ ਸਮੇਂ ਅੰਦਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ '181-ਪੰਜਾਬ ਪੁਲਿਸ ਹੈਲਪ ਲਾਈਨ' ਨੇ ਵੱਡੀ ਗਿਣਤੀ ਵਿੱਚ ਫੋਨ ਕਾਲਾਂ ਦਰਜ਼ ਕਰਕੇ ਅਤੇ ਕਾਲ ਕਰਨ ਵਾਲਿਆਂ ਦੇ ਸੰਤੁਸ਼ਟੀ ਪੱਧਰ ਤੱਕ ਲਿਜਾ ਕੇ ਇੱਕ ਨਿਵੇਕਲੀ ਪ੍ਰਾਪਤੀ ਕੀਤੀ ਹੈ, ਜਿਸ ਦੀ ਲੋਕਾਂ ਵੱਲੋਂ ਵੀ ਸ਼ਲਾਘਾ ਕੀਤੀ ਜਾ ਰਹੀ ਹੈ.

ਸੀਨੀਅਰ ਪੁਲਿਸ ਕਪਤਾਨ ਨੇ ਦੱਸਿਆ ਕਿ ਇਸ ਸੇਵਾ ਦੇ ਸ਼ੁਰੂ ਹੋਣ ਤੋਂ ਬਾਅਦ ਆਮ ਲੋਕਾਂ ਦੇ ਸੰਤੁਸ਼ਟੀ ਪੱਧਰ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਉਨ੍ਹਾਂ ਦੱਸਿਆ ਜ਼ਿਲ੍ਹਾ ਮੋਗਾ ਵਿੱਚ 110 ਦਰਖਾਸਤਾਂ ਦਾ ਨਿਪਟਾਰਾ 24 ਘੰਟੇ ਅੰਦਰ ਕੀਤਾ ਗਿਆ ਹੈ ਅਤੇ 743 ਪ੍ਰਾਪਤ ਦਰਖਾਸਤਾਂ ਦਾ ਨਿਪਟਾਰਾ 7 ਦਿਨਾਂ ਅੰਦਰ, ਜਦਕਿ 1,594 ਦਰਖਾਸਤਾਂ ਦਾ ਨਿਪਟਾਰਾ 15 ਦਿਨਾਂ ਅੰਦਰ ਅਤੇ 1,134 ਦਰਖਾਸਤਾਂ ਦਾ ਨਿਪਟਾਰਾ 21 ਦਿਨਾਂ ਦੇ ਅੰਦਰ-ਅੰਦਰ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜਦ ਵੀ ਪੰਜਾਬ ਪੁਲਿਸ ਦੀ 181 ਹੈਲਪ-ਲਾਈਨ 'ਤੇ ਕੋਈ ਦਰਖਾਸਤ ਪ੍ਰਾਪਤ ਹੁੰਦੀ ਹੈ ਤਾਂ ਮੋਗਾ ਪੁਲਿਸ ਉਸ ਦਰਖਾਸਤ ਦਾ ਨਿਪਟਾਰਾ ਕਰਨ ਲਈ ਹਰ ਸਮੇਂ ਪੂਰੀ ਤਰ੍ਹਾਂ ਤਤਪਰ ਹੁੰਦੀ ਹੈ, ਤਾਂ ਜੋ ਲੋਕਾਂ ਨੂੰ ਕੋਈ ਸਮੱਸਿਆ ਪੇਸ਼ ਨਾ ਆਵੇ। ਉਨ੍ਹਾਂ ਦੱਸਿਆ ਕਿ ਕਿਸੇ ਵੀ ਵਿਅਕਤੀ ਵੱਲੋਂ '181 ਪੁਲਿਸ ਹੈਲਪ-ਲਾਈਨ' 'ਤੇ ਪੁਲਿਸ ਨਾਲ ਸਬੰਧਤ ਮਾਮਲੇ ਦੀ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ, ਜਿਸ ਦਾ ਮਿਥੇ ਸਮੇਂ ਅੰਦਰ ਨਿਪਟਾਰਾ ਕਰਕੇ ਸ਼ਿਕਾਇਤ-ਕਰਤਾ ਦੀ ਤਸੱਲੀ ਕਰਵਾਈ ਜਵੇਗੀ।

:.:.:.:.:.:.:.

ਨੰ: ਪੀ.ਆਰ(ਪ੍ਰੈ ਰੀ)2016/68

**ਫ਼ਐਸ.ਐਸ.ਪੀ ਮੁਖਵਿੰਦਰ ਸਿੰਘ ਭੁੱਲਰ**

